Roll no :

**University of Delhi**

**Department of Punjabi**

**Exam : M.phil( Part-1) April-2018**

**Subject : Research Methodology &Approaches to Literature**

**Paper No: Course-I**

**Time-3 Hours** **Maximum Marks:100**

ਨੋਟ: ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣਾ ਲਾਜ਼ਮੀ ਹੈ।

1. ਖੋਜ ਦੇ ਸਰੂਪ ਅਤੇ ਪ੍ਰਕਾਰਜ ਬਾਰੇ ਸਮੀਖਿਆਤਮਕ ਨੋਟ ਲਿਖੋ।

ਜਾਂ

ਖੋਜ-ਵਿਧੀਆਂ ਬਾਰੇ ਚਰਚਾ ਕਰਦਿਆਂ ਇਸ ਦੇ ਸੰਦ ਅਤੇ ਜੁਗਤਾਂ ਉਪਰ ਰੌਸ਼ਨੀ ਪਾਉ। 20

2. ਪੰਜਾਬੀ ਖੋਜ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦਿਆਂ ਇਸ ਦਰਪੇਸ਼ ਚੁਣੌਤੀਆਂ ਅਤੇ ਸਮਾਧਾਨ ਬਾਰੇ ਆਪਣੇ ਵਿਚਾਰ ਪੇਸ਼ ਕਰੋ।

ਜਾਂ

ਖੋਜ-ਅਧਿਐਨ ਲਈ ਤਿਆਰ ਕੀਤੀ ਜਾਣ ਵਾਲੀ ਆਰਜ਼ੀ ਰੂਪ ਰੇਖਾ (ਸਿਨੋਪਸਿਸ) ਨੂੰ ਤਿਆਰ ਕਰਨ ਵੇਲੇ ਕਿਨ੍ਹਾਂ ਗੱਲਾਂ ਨੂੰ ਧਿਆਨ 'ਚ ਰੱਖਣਾ ਜ਼ਰੂਰੀ ਹੈ? ਚਰਚਾ ਕਰੋ। 20

3. ਰੋਮਾਂਸਵਾਦ ਦੇ ਸਿਧਾਂਤਕ ਪੱਖ ਬਾਰੇ ਚਰਚਾ ਕਰਦਿਆਂ, ਪੰਜਾਬੀ ਸਾਹਿਤ ਉਪਰ ਇਸ ਦੇ ਪ੍ਰਭਾਵਾਂ ਦੀ ਨਿਸ਼ਾਨਦੇਹੀ ਕਰੋ।

ਜਾਂ

ਰੂਸੀ ਰੂਪਵਾਦ ਦੇ ਸਿਧਾਂਤਕ ਪਰਿਪੇਖ ਬਾਰੇ ਸਮੀਖਿਆਤਮਕ ਨੋਟ ਲਿਖੋ। 20

4. ਮਾਰਕਸਵਾਦ ਦੇ ਦਾਰਸ਼ਨਿਕ ਸੰਕਲਪਾਂ ਨੂੰ ਸਪਸ਼ਟ ਕਰਦਿਆਂ, ਇਸ ਨੂੰ ਇਕ ਸਾਹਿਤ ਅਧਿਐਨ ਵਿਧੀ ਵਜੋਂ ਵਿਚਾਰੋ।

ਜਾਂ

'ਸ਼ੈਲੀ ਵਿਗਿਆਨ' ਅਧਿਐਨ ਵਿਧੀ ਦੇ ਬੁਨਿਆਦੀ ਸੰਕਲਪਾਂ ਨੂੰ ਆਪਣੀ ਚਰਚਾ ਦਾ ਆਧਾਰ ਬਣਾਓ। 20

5. 'ਸੰਰਚਨਾਵਾਦ' ਅਧਿਐਨ ਪ੍ਰਣਾਲੀ ਦੇ ਸਿਧਾਂਤਕ ਪਰਿਪੇਖ ਦਾ ਵਿਸ਼ਲੇਸ਼ਣ ਕਰੋ।

ਜਾਂ

ਕੀ ਉੱਤਰ-ਸੰਰਚਨਾਵਾਦ, ਸੰਰਚਨਾਵਾਦ ਦੀਆਂ ਸੀਮਾਵਾਂ' ਤੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ, ਦਲੀਲਾਂ ਸਹਿਤ ਸਪਸ਼ਟ ਕਰੋ। 20

Scanned with CamScanner

P- M.Phil. II (i)

Roll No..............

Department of Punjabi

University of Delhi, Delhi-07

Exam : M.Phil, Punjabi

Subject : Punjabi

Paper : Gurmat Poetry

Option : II (i)

(April- 2018)

Time Allowed: 3 hours

Maximum Marks:100

ਨੋਟ: ਸਾਰੇ ਪ੍ਰਸ਼ਨਾਂ ਦੇ ਉਤਰ ਦੇਣੇ ਲਾਜ਼ਮੀ ਹਨ।

1. ਗੁਰਮਤਿ ਕਾਵਿ ਦਾ ਕਾਵਿ ਸ਼ਾਸਤਰ ਉਸਾਰਨ ਵੇਲੇ ਕਿਨਾਂ ਮਹੱਤਵਪੂਰਨ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ? ਚਰਚਾ ਕਰੋ।

ਜਾਂ

20

ਗੁਰਮਤਿ ਕਾਵਿ ਸਾਂਝੇ ਭਾਰਤੀ ਸਭਿਆਚਾਰ ਦਾ ਨਵੇਕਲਾ ਬਿੰਬ ਉਸਾਰਦਾ ਹੈ? ਇਸ ਬਾਰੇ ਵਿਸਤਾਰਮਈ ਰੂਪ ਵਿਚ ਚਾਨਣਾ ਪਾਓ।

2. ਗੁਰਮਤਿ ਕਾਵਿ ਵਿਚੋਂ ਉਭਰਦੀ ਵਿਸ਼ਵ ਦ੍ਰਿਸ਼ਟੀ ਬਾਰੇ ਆਪਣੇ ਵਿਚਾਰ ਪੇਸ਼ ਕਰੋ।

ਜਾਂ

20

'ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨ ਕਲਾ ਉਪਰ ਵਿਸਤਾਰਮਈ ਨੋਟ ਲਿਖੋ।

3. 'ਜਪੁਜੀ ਸਾਹਿਬ' ਦਾ ਪਾਠਮੂਲਕ ਅਧਿਐਨ ਪੇਸ਼ ਕਰੋ।

ਜਾਂ

20

'ਜਪੁਜੀ ਸਾਹਿਬ' ਦੇ ਪੰਜ ਖੰਡਾਂ ਦਾ ਮੂਲ ਉਦੇਸ਼ ਕੀ ਹੈ? ਵਿਸਤਾਰ ਵਿਚ ਚਰਚਾ ਕਰੋ।

4. 'ਰਾਮ ਅਵਤਾਰ' ਬਾਣੀ ਸਰਗੁਣ ਤੋਂ ਨਿਰਗੁਣ ਦਾ ਬਿੰਬ ਕਿਵੇਂ ਉਸਾਰਦੀ ਹੈ? ਦਲੀਲਾਂ ਸਹਿਤ ਸਪੱਸ਼ਟ ਕਰੋ।

ਜਾਂ

20

'ਰਾਮ ਅਵਤਾਰ' ਬਾਣੀ ਦਾ ਵਿਹਾਰਕ ਵਿਸ਼ਲੇਸ਼ਣ ਪੇਸ਼ ਕਰੋ।

5. ਗੁਰੂ ਗੋਬਿੰਦ ਸਿੰਘ ਜੀ 'ਜਾਪੁ ਸਾਹਿਬ' ਬਾਣੀ ਵਿਚੋਂ ਅਕਾਲ ਉਸਤਤ ਦਾ ਬਿੰਬ ਕਿਵੇਂ ਉਭਾਰਦੇ ਹਨ? ਸਪਸ਼ਟ ਕਰੋ।

ਜਾਂ

20

'ਜਾਪੁ ਸਾਹਿਬ' ਬਾਣੀ ਦਾ ਥੀਮਕ ਅਧਿਐਨ ਪੇਸ਼ ਕਰੋ।

Scanned with CamScanner

Roll no. .................

Department of Punjabi
University of Delhi
Examination: M. Phil.(Punjabi)
Course: II - Medieval Punjabi Literature
Paper : Sufi Kaav (option- II)
(April, 2018)

Time : 3 Hours

Maximum Marks :100

**ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ**

1. ਸੂਫ਼ੀਮਤ ਦੇ ਉਦਭਵ ਅਤੇ ਵਿਕਾਸ ਬਾਰੇ ਦਸਦੇ ਹੋਏ ਪੰਜਾਬ ਵਿਚ ਇਸ ਦੇ ਆਗਮਨ ਸੰਬੰਧੀ ਵਿਸਤਾਰ ਪੂਰਵਕ ਨੋਟ ਲਿਖੋ।

   ਜਾਂ

   ਸੂਫ਼ੀ ਕਾਵਿ ਦੀ ਸਭਿਆਚਾਰਕ ਪਿੱਠਭੂਮੀ ਉਲੀਕਦੇ ਹੋਏ ਇਸ ਦੇ ਇਤਿਹਾਸਕ ਕ੍ਰਮ ਬਾਰੇ ਜਾਣਕਾਰੀ ਦਿਓ। 20

2. ਬਿੰਬ ਨੂੰ ਪਰਿਭਾਸ਼ਤ ਕਰੋ, ਪੰਜਾਬੀ ਸੂਫ਼ੀ ਕਾਵਿ ਵਿਚ ਬਿੰਬ ਵਿਧਾਨ ਦਾ ਕੀ ਮਹੱਤਵ ਹੈ?ਚਰਚਾ ਕਰੋ।

   ਜਾਂ

   ਪੰਜਾਬੀ ਸੂਫ਼ੀ ਕਾਵਿ ਦੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਬਾਰੇ ਵਿਸਤਾਰ ਸਹਿਤ ਚਰਚਾ ਕਰੋ। 20

3. ਸੂਫ਼ੀਮਤ ਨੂੰ ਸਮਝਾਉਂਦੇ ਹੋਏ,ਪੰਜਾਬੀ ਸੂਫ਼ੀ ਕਾਵਿ ਵਿਚ ਪੇਸ਼ ਅਧਿਆਤਮਕਤਾ ਨੂੰ ਵਿਚਾਰ ਚਰਚਾ ਦਾ ਵਿਸ਼ਾ ਬਣਾਓ।

   ਜਾਂ

   ਸ਼ਾਹ ਹੁਸੈਨ ਦੀਆਂ ਕਾਫ਼ੀਆਂ ਵਿਚ ਕਿਹੋ ਜਿਹੇ ਰਹੱਸ ਅਨੁਭਵ ਦਾ ਵਰਣਨ ਹੋਇਆ ਹੈ? ਅਧਿਐਨ ਕਰੋ। 20

4. ਪੰਜਾਬੀ ਸੂਫ਼ੀ ਕਾਵਿ ਦੇ ਕਾਵਿ ਸ਼ਾਸਤਰੀ ਨੇਮਾਂ ਦੀ ਨਿਸ਼ਾਨਦੇਹੀ ਕਰੋ।

   ਜਾਂ

   ਸੂਫ਼ੀ ਸਿਲਸਿਲਿਆਂ ਬਾਰੇ ਤੁਸੀਂ ਕੀ ਜਾਣਦੇ ਹੋ?ਪੰਜਾਬ ਵਿਚ ਪ੍ਰਚਲਿਤ ਸੂਫ਼ੀ ਸਿਲਸਿਲਿਆਂ ਅਤੇ ਇਨ੍ਹਾਂ ਨਾਲ ਜੁੜੇ ਸੂਫ਼ੀਆਂ ਬਾਰੇ ਜਾਣਕਾਰੀ ਦਿਓ। 20

5. ਪ੍ਰਗੀਤ ਨੂੰ ਪਰਿਭਾਸ਼ਤ ਕਰਦਿਆਂ ਇਸ ਦੇ ਸਿਧਾਂਤਕ ਪਹਿਲੂਆਂ ਬਾਰੇ ਜਾਣਕਾਰੀ ਦਿਓ।

   ਜਾਂ

   ਕਿਸੇ ਇਕ ਕਾਫ਼ੀ ਦਾ ਪ੍ਰਗੀਤਕ ਅਧਿਐਨ ਕਰੋ:- ਨੀ ਮੈਂ ਕਮਲੀ ਯਾਰ ਦੀ ਕਮਲੀ,

   ਨੀ ਸਈਓ ਅਸੀਂ ਨੈਣਾਂ ਦੇ ਆਖੇ ਲੱਗੇ। 20

Scanned with CamScanner

Roll No.

University of Delhi, Delhi-07.
Name of Examination: M.Phil. (Punjabi)
Subject: Punjabi
Course: C-II(iii)
Name of Paper: Qissa Kaav

Time: 3 Hours

Max.Marks: 100

ਨੋਟ: ਸਾਰੇ ਪ੍ਰਸ਼ਨ ਲਾਜ਼ਮੀ ਹਨ। ਹਰ ਪ੍ਰਸ਼ਨ ਦੇ ਅੰਕ ਬਰਾਬਰ ਹਨ।

1. ਪੰਜਾਬੀ ਕਿੱਸਾ ਕਾਵਿ ਦੇ ਕਾਵਿ-ਸ਼ਾਸਤਰ ਉੱਤੇ ਵਿਸਤਾਰ ਨਾਲ ਚਰਚਾ ਕਰੋ। 20

ਜਾਂ

"ਕਿੱਸਾ ਰੂਪਾਕਾਰ ਨੇ ਲੋਕ ਕਥਾਵਾਂ ਨੂੰ ਕਾਵਿ-ਬਿਰਤਾਂਤ ਵਿਚ ਪੁਨਰ-ਸਿਰਜਿਤ ਕੀਤਾ ਹੈ।" ਇਸ ਕਥਨ ਦੀ ਲੋਅ ਵਿਚ ਕਿੱਸਾ ਦੀਆਂ ਰੂਪਾਕਾਰਕ ਵਿਲੱਖਣਤਾਵਾਂ ਦੀ ਚਰਚਾ ਕਰੋ।

2. "ਕਿੱਸਾ ਕਾਵਿ ਨੇ ਆਪਣੇ ਸਮੇਂ ਦੇ ਸਮਾਜ-ਸਭਿਆਚਾਰ ਦੀ ਬਹੁਰੰਗੀ ਤਸਵੀਰਕਸ਼ੀ ਕੀਤੀ ਹੈ।"ਹਵਾਲਿਆਂ ਸਹਿਤ ਇਸ ਕਥਨ ਨੂੰ ਚਰਚਾ ਦਾ ਵਿਸ਼ਾ ਬਣਾਓ। 20

ਜਾਂ

ਪੰਜਾਬੀ ਕਿੱਸਾ-ਕਾਵਿ ਦੀਆਂ ਕਥਾਨਕ ਰੂੜੀਆਂ ਉੱਤੇ ਵਿਸਤ੍ਰਿਤ ਨੋਟ ਲਿਖੋ।

3. "ਹੀਰ ਵਾਰਿਸ ਜਗੀਰਦਾਰੀ ਵਿਵਸਥਾ ਵਿਚ ਮਨੁੱਖੀ ਸੁਤੰਤਰਤਾ ਦਾ ਪ੍ਰਤੀਕ ਹੈ।" ਇਸ ਕਥਨ ਨੂੰ ਵਿਚਾਰਧਾਰਕ ਪੱਖ ਤੋਂ ਵਿਚਾਰੋ। 20

ਜਾਂ

"ਹੀਰ ਵਾਰਸ ਵਿਚ ਇਸ਼ਕ ਨਾਬਰੀ ਦਾ ਪ੍ਰਤੀਕ ਹੈ।" ਇਸ ਕਥਨ ਦਾ ਵਿਸ਼ਲੇਸ਼ਣ ਕਰੋ।

4. ਹੋਣੀ ਦੇ ਸੰਕਲਪ ਨੂੰ ਪਰਿਭਾਸ਼ਤ ਕਰਦਿਆਂ, ਕਿੱਸਾ ਸੱਸੀ ਪੁਨੂੰ ਵਿਚ ਪੇਸ਼ ਹੋਣੀ ਬਾਰੇ ਚਰਚਾ ਕਰੋ। 20

ਜਾਂ

ਕਿੱਸਾ ਸੱਸੀ-ਪੁਨੂੰ ਦੀਆਂ ਕਲਾਤਮਕ ਖ਼ੂਬੀਆਂ ਨੂੰ ਚਰਚਾ ਦਾ ਵਿਸ਼ਾ ਬਣਾਓ।

5. ਕਿੱਸਾ ਪੂਰਨ ਭਗਤ ਨੂੰ ਬਿਰਤਾਂਤ ਸ਼ਾਸਤਰੀ ਪੱਖ ਤੋਂ ਅਧਿਐਨ ਦਾ ਵਿਸ਼ਾ ਬਣਾਓ। 20

ਜਾਂ

"ਕਿੱਸਾ ਪੂਰਨ ਭਗਤ ਰਾਜਸੀ ਸੱਤਾ ਤੇ ਸਮਾਜਕ ਮਰਿਯਾਦਾ ਦੀ ਜੱਦੋਜਹਿਦ ਨੂੰ ਪੇਸ਼ ਕਰਦਾ ਹੈ।"ਦਲੀਲ ਪੂਰਵਕ ਚਰਚਾ ਕਰੋ।

Scanned with CamScanner

Roll No. .................

Department of Punjabi
University of Delhi
Examination: M. Phil. (Punjabi)
Course: II - Medieval Punjabi Literature
Paper : Vir Kaav (option- IV)
(April, 2018)

Time : 3 Hours

Maximum Marks :100

**ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ**

1. ਪੰਜਾਬੀ ਵਾਰ ਪਰੰਪਰਾ ਦੇ ਹਵਾਲੇ ਨਾਲ, ਪੰਜਾਬੀ ਬੀਰ ਕਾਵਿ ਦੇ ਸਮਾਜਕ-ਸਿਆਸੀ ਪਰਿਪੇਖ ਬਾਰੇ ਇਕ ਵਿਸਤ੍ਰਿਤ ਨੋਟ ਲਿਖੋ।

ਜਾਂ

"ਬੀਰ ਕਾਵਿ ਦੇ ਉਦਭਵ ਦੇ ਬੀਜ ਪੁਰਾਤਨ ਸਾਹਿਤਕ ਤੇ ਸੱਭਿਆਚਾਰਕ ਪਰੰਪਰਾ ਵਿਚ ਵਿਦਮਾਨ ਹਨ।" ਦਲੀਲ ਪੂਰਵਕ ਚਰਚਾ ਕਰੋ। 20

2. ਨਾਇਕ ਦੇ ਸੰਕਲਪ ਨੂੰ ਪਰਿਭਾਸ਼ਤ ਕਰਦਿਆਂ, ਪੰਜਾਬੀ ਵਾਰ ਕਾਵਿ ਵਿਚ ਨਾਇਕ ਦੀ ਨਿਰਮਾਣਕਾਰੀ ਨੂੰ ਚਰਚਾ ਦਾ ਵਿਸ਼ਾ ਬਣਾਓ।

ਜਾਂ

ਕਾਵਿ ਸ਼ਾਸਤਰ ਨੂੰ ਪਰਿਭਾਸ਼ਤ ਕਰਦਿਆਂ, ਪੰਜਾਬੀ ਬੀਰ ਕਾਵਿ ਦਾ ਕਾਵਿ-ਸ਼ਾਸਤਰ ਉਲੀਕੋ। 20

3. ਬੀਰ ਕਾਵਿ ਦੀਆਂ ਪ੍ਰਮੁੱਖ ਵੰਨਗੀਆਂ- ਵਾਰ ਅਤੇ ਜੰਗਨਾਮਾ ਦਾ ਤੁਲਨਾਤਮਕ ਅਧਿਐਨ ਪੇਸ਼ ਕਰੋ।

ਜਾਂ

ਕੀ 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ ਨੂੰ ਇਕ ਇਤਿਹਾਸਕ ਰਚਨਾ ਕਿਹਾ ਜਾ ਸਕਦਾ ਹੈ? ਇਤਿਹਾਸਕਾਰੀ ਦੇ ਨੁਕਤਾ-ਨਿਗਾਹ ਤੋਂ ਚਰਚਾ ਕਰੋ। 20

4. ਪੰਜਾਬੀ ਵਾਰ ਕਾਵਿ ਦੀਆਂ ਸਾਹਿਤਕ ਵਿਸ਼ੇਸ਼ਤਾਵਾਂ ਦੀ ਚਰਚਾ ਕਰੋ।

ਜਾਂ

ਚੱਠਿਆਂ ਦੀ ਵਾਰ ਇਕ ਇਤਿਹਾਸਕ ਵਾਰ ਹੈ ? ਇਸ ਵਿਚ ਪੇਸ਼ ਘਟਨਾਵਾਂ ਦੇ ਆਧਾਰ ਤੇ ਇਸ ਦਾ ਇਤਿਹਾਸਕ ਤੇ ਰਾਜਨੀਤਕ ਪੱਖ ਉਲੀਕੋ। 20

5. ਗੁਰੂ ਗੋਬਿੰਦ ਸਿੰਘ ਰਚਿਤ 'ਚੰਡੀ ਦੀ ਵਾਰ" ਵਿਚ ਪੇਸ਼ ਹੋਏ ਮਿੱਥ-ਰੁਪਾਂਤਰਨ ਨੂੰ ਚਰਚਾ ਦਾ ਵਿਸ਼ਾ ਬਣਾਓ।

ਜਾਂ

ਨਜਾਬਤ ਦੀ ਵਾਰ ਵਿਚ ਪੇਸ਼ ਇਤਿਹਾਸਕਤਾ ਦੀ ਦਲੀਲ ਪੂਰਵਕ ਪੜਚੋਲ ਕਰੋ। 20

Scanned with CamScanner

Department of Punjabi

University of Delhi

Examination: M. Phil.

Subject: Punjabi

Paper: II - Medieval Punjabi Literature

Option: V (Folklore)

(April, 2018)

ਸਮਾਂ: ਤਿੰਨ ਘੰਟੇ

ਕੁੱਲ ਅੰਕ : 100

**ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦੇ 20 ਅੰਕ ਹਨ।**

1. ਲੋਕਧਾਰਾ ਦੀ ਪਰਿਭਾਸ਼ਾ ਦਿੰਦੇ ਹੋਏ, ਇਸ ਦੇ ਤੱਤਾਂ ਨਾਲ ਜਾਣ-ਪਛਾਣ ਕਰਵਾਓ।

ਜਾਂ

ਅਜ਼ਾਦੀ ਤੋਂ ਬਾਅਦ ਪੰਜਾਬੀ ਦੇ ਪ੍ਰਮੁੱਖ ਲੋਕਧਾਰਾ ਸ਼ਾਸਤਰੀਆਂ ਦੀ ਦੇਣ ਬਾਰੇ ਚਰਚਾ ਕਰੋ।

2. ਲੋਕ ਸਾਹਿਤ ਅਤੇ ਵਸ਼ਿਸ਼ਟ ਸਾਹਿਤ ਵਿਚ ਅੰਤਰ ਸਪਸ਼ਟ ਕਰਦੇ ਹੋਏ, ਲੋਕਧਾਰਾ ਅਤੇ ਸਾਹਿਤ ਦੇ ਪਰਸਪਰ ਸੰਬੰਧਾਂ ਨੂੰ ਚਰਚਾ ਦਾ ਵਿਸ਼ਾ ਬਣਾਓ।

ਜਾਂ

ਪੰਜਾਬੀ ਲੋਕ ਸਾਹਿਤ ਸੰਬੰਧੀ ਹੁਣ ਤੱਕ ਹੋ ਚੁੱਕੇ ਅਧਿਐਨ ਬਾਰੇ ਵਿਸਤ੍ਰਿਤ ਜਾਣਕਾਰੀ ਦਿਉ।

3. ਪੰਜਾਬੀ ਰਿਸ਼ਤਾ-ਨਾਤਾ ਪ੍ਰਣਾਲੀ ਦੇ ਪੁਰਾਤਨ ਅਤੇ ਬਦਲ ਰਹੇ ਸਰੂਪ ਬਾਰੇ ਆਪਣੇ ਵਿਚਾਰ ਪੇਸ਼ ਕਰੋ।

ਜਾਂ

ਪੰਜਾਬੀ ਲੋਕ-ਜੀਵਨ ਵਿਚ ਪ੍ਰਚੱਲਿਤ ਜਨਮ, ਵਿਆਹ ਅਤੇ ਮੌਤ ਦੀਆਂ ਰਸਮਾਂ ਦੇ ਵਿਗਿਆਨਕ ਜਾਂ ਮਨੋਵਿਗਿਆਨਕ ਅਧਾਰਾਂ ਨੂੰ ਚਰਚਾ ਦਾ ਵਿਸ਼ਾ ਬਣਾਓ।

4. ਪੰਜਾਬੀ ਲੋਕ ਗੀਤਾਂ ਦੀ ਸਭਿਆਚਾਰਕ ਭੂਮਿਕਾ ਅਤੇ ਸਾਰਥਕਤਾ ਬਾਰੇ ਵਿਸਤ੍ਰਿਤ ਚਰਚਾ ਕਰੋ।

ਜਾਂ

ਪੰਜਾਬੀ ਲੋਕ ਕਹਾਣੀਆਂ ਦੇ ਪਾਤਰਾਂ ਦੀਆਂ ਪ੍ਰਮੁੱਖ ਵੰਨਗੀਆਂ ਨਾਲ ਜਾਣ-ਪਛਾਣ ਕਰਵਾਓ।

5. ਪੰਜਾਬ ਦਾ ਸੰਯੁਕਤ ਸਭਿਆਚਾਰ ਪੰਜਾਬੀ ਲੋਕਧਾਰਾ ਵਿਚ ਕਿਵੇਂ ਪੇਸ਼ ਹੁੰਦਾ ਹੈ ? ਚਰਚਾ ਕਰੋ।

ਜਾਂ

ਪੰਜਾਬੀ ਲੋਕ ਕਹਾਣੀਆਂ ਵਿਚ ਪੰਜਾਬੀ ਮਿੱਥਾਂ ਕਿਸ ਤਰ੍ਹਾਂ ਸਰੂਪ ਗ੍ਰਹਿਣ ਕਰਦੀਆਂ ਹਨ ? ਵਿਸਤ੍ਰਿਤ ਨੋਟ ਲਿਖੋ।

Scanned with CamScanner

M. Phil.

Department of Punjabi
University of Delhi, Delhi-07
Name of the Examination: M.Phil. (Punjabi)
Course: C-III (i)
Paper- Modern Punjabi Poetry
April 2018

Roll No.........

Time Allowed: 3 Hours

Max. Marks: 100

ਨੋਟ- ਸਾਰੇ ਪ੍ਰਸ਼ਨ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦੇ 20 ਅੰਕ ਹਨ।

1. ਆਧੁਨਿਕਤਾ ਦਾ ਭਾਰਤੀ ਪਰਿਪੇਖ ਉਸਾਰਦੇ ਹੋਏ, ਆਧੁਨਿਕ ਪੰਜਾਬੀ ਕਵਿਤਾ ਦੇ ਸਰੂਪ ਬਾਰੇ ਚਰਚਾ ਕਰੋ।

ਜਾਂ

ਬਸਤੀਵਾਦ ਤੇ ਆਧੁਨਿਕਤਾ ਦੇ ਪਰਸਪਰ ਸੰਬੰਧਾਂ ਦਾ ਆਲੋਚਨਾਤਮਕ ਵਿਵੇਚਨ ਕਰੋ।

2. ਬਸਤੀਵਾਦੀ ਦੌਰ ਵਿਚ ਉਪਜੀਆਂ ਸਮਾਜਕ-ਰਾਜਨੀਤਕ ਲਹਿਰਾਂ- ਸਿੰਘ ਸਭਾ ਅਤੇ ਗ਼ਦਰ ਲਹਿਰ ਦੀ ਕਵਿਤਾ ਦਾ ਤੁਲਨਾਤਮਕ ਅਧਿਐਨ ਪੇਸ਼ ਕਰੋ।

ਜਾਂ

ਆਧੁਨਿਕ ਪੰਜਾਬੀ ਕਵਿਤਾ ਦੀਆਂ ਦੋ ਪ੍ਰਮੁੱਖ ਕਾਵਿ ਪ੍ਰਵਿਰਤੀਆਂ- ਰੁਮਾਂਸਵਾਦੀ ਕਾਵਿ ਧਾਰਾ ਅਤੇ ਪ੍ਰਗਤੀਵਾਦੀ ਕਾਵਿ ਧਾਰਾ ਦੇ ਅੰਤਰ ਸੰਬੰਧਾਂ ਅਤੇ ਅੰਤਰ-ਵਿਰੋਧਾਂ ਨੂੰ ਚਰਚਾ ਦਾ ਵਿਸ਼ਾ ਬਣਾਓ।

3. ਪ੍ਰਯੋਗਵਾਦੀ ਪੰਜਾਬੀ ਕਵਿਤਾ ਦੀਆਂ ਪ੍ਰਾਪਤੀਆਂ ਤੇ ਸੀਮਾਵਾਂ ਬਾਰੇ ਵਿਸਤਾਰ ਵਿਚ ਚਰਚਾ ਕਰੋ।

ਜਾਂ

ਪੰਜਾਬ ਸੰਕਟ ਬਾਰੇ ਲਿਖੀ ਪੰਜਾਬੀ ਕਵਿਤਾ ਬਾਰੇ ਤੁਸੀਂ ਕੀ ਜਾਣਦੇ ਹੋ? ਵਿਸਤ੍ਰਿਤ ਨੋਟ ਲਿਖੋ।

4. ਪੂਰਬੀ ਅਤੇ ਪੱਛਮੀ ਕਾਵਿ-ਸ਼ਾਸਤਰ ਦੀਆਂ ਪ੍ਰਮੁੱਖ ਸਥਾਪਨਾਵਾਂ 'ਤੇ ਇਕ ਵਿਸਤ੍ਰਿਤ ਨੋਟ ਲਿਖੋ।

ਜਾਂ

ਆਧੁਨਿਕ ਪੰਜਾਬੀ ਕਵਿਤਾ ਦੇ ਮੌਲਿਕ ਕਾਵਿ-ਸ਼ਾਸਤਰ ਦੀ ਸਿਰਜਣਾ ਬਾਰੇ ਆਪਣੇ ਵਿਚਾਰ ਵਿਅਕਤ ਕਰੋ।

5. ਸਮਕਾਲੀ ਪੰਜਾਬੀ ਕਵਿਤਾ ਉਤੇ ਪਏ ਵਿਸ਼ਵੀਕਰਨ ਦੇ ਪ੍ਰਭਾਵਾਂ ਬਾਰੇ ਇਕ ਆਲੋਚਨਾਤਮਕ ਨਿਬੰਧ ਲਿਖੋ।

ਜਾਂ

ਸਮਕਾਲ ਵਿਚ ਲਿਖੇ ਜਾ ਰਹੇ ਨਾਰੀ ਕਾਵਿ ਬਾਰੇ ਵਿਸਤਾਰ ਵਿਚ ਰੋਸ਼ਨੀ ਪਾਓ।

Scanned with CamScanner

Roll no :

**University of Delhi**

**Department of Punjabi**

**Exam : M.phil( Part-1) April-2018**

**Subject : Punjabi Galap**

**Paper No: Course-III (option-II)**

**Time-3 Hours**

**Maximum Marks:100**

ਨੋਟ : ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣਾ ਲਾਜ਼ਮੀ ਹੈ।

1. ਪੰਜਾਬੀ ਨਾਵਲ ਦੇ ਮੂਲ ਰੁਝਾਨ ਕਿਹੜੇ ਹਨ, ਸਮੀਖਿਆਤਮਕ ਨੋਟ ਲਿਖੋ।

   ਜਾਂ

   ਪੰਜਾਬੀ ਨਾਵਲ ਦੇ ਇਤਿਹਾਸ ਬਾਰੇ ਚਰਚਾ ਕਰੋ। 20

2. ਪੰਜਾਬੀ ਕਹਾਣੀ ਦੀਆਂ ਮੂਲ ਪ੍ਰਵਿਰਤੀਆਂ ਦੀ ਨਿਸ਼ਾਨਦੇਹੀ ਕਰੋ।

   ਜਾਂ

   ਪੰਜਾਬੀ ਕਹਾਣੀ ਦੇ ਨਵੀਨ ਰੁਝਾਨਾਂ ਬਾਰੇ ਸਮੀਖਿਆਤਮਕ ਨੋਟ ਲਿਖੋ। 20

3. 'ਮੁਰਕੀਆਂ ਤੋਂ ਥਕੇਵਾਂ' ਤਕ ਕਹਾਣੀਆਂ ਦਾ ਬਿਰਤਾਂਤ-ਸ਼ਾਸਤਰੀ ਪਰਿਪੇਖ ਉਸਾਰੋ।

   ਜਾਂ

   'ਮੁਰਕੀਆਂ ਤੋਂ ਥਕੇਵਾਂ' ਤਕ ਕਹਾਣੀਆਂ ਵਿਚ ਪੇਸ਼ ਮਸਲਿਆਂ ਬਾਰੇ ਚਰਚਾ ਕਰੋ। 20

4. ਨਛੱਤਰ ਦੇ ਨਾਵਲ 'ਕੈਂਸਰ ਟਰੇਨ' ਦਾ ਚਿਹਨ-ਵਿਗਿਆਨਕ ਅਧਿਐਨ ਪੇਸ਼ ਕਰੋ।

   ਜਾਂ

   ਨਛੱਤਰ ਦੇ ਨਾਵਲ 'ਕੈਂਸਰ ਟਰੇਨ' ਦਾ ਵਿਹਾਰਕ-ਅਧਿਐਨ ਉਸਾਰੋ। 20

5. 'ਮੁੰਦਰੀ ਡੋਟ ਕੌਮ' ਨਾਵਲ ਰਾਹੀਂ ਹਰਜੀਤ ਅਟਵਾਲ ਨਾਰੀ ਹੋਂਦ ਦੇ ਕਿਨ੍ਹਾਂ ਮਸਲਿਆਂ ਬਾਰੇ ਚਰਚਾ ਕਰਦਾ ਹੈ, ਦਲੀਲਾਂ ਨਾਲ ਸਪਸ਼ਟ ਕਰੋ।

   ਜਾਂ

   ਹਰਜੀਤ ਅਟਵਾਲ ਦੇ ਨਾਵਲ 'ਮੁੰਦਰੀ ਡੋਟ ਕੌਮ' ਵਿਚੋਂ ਉਭਰਦੇ ਪਰਵਾਸੀ ਸਰੋਕਾਰਾਂ ਨੂੰ ਆਪਣੀ ਚਰਚਾ ਦਾ ਵਿਸ਼ਾ ਬਣਾਓ। 20

Scanned with CamScanner

M. Phil.

Roll No........

Department of Punjabi
University of Delhi, Delhi-07
Name of the Examination: M.Phil. (Punjabi)
Course: C-III (iii)
Paper- Punjabi Drama
April 2018

Time Allowed: 3 Hours

Max. Marks: 100

ਨੋਟ- ਸਾਰੇ ਪ੍ਰਸ਼ਨ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦੇ 20 ਅੰਕ ਹਨ।

1. 'ਪ੍ਰਾਚੀਨ ਯੂਨਾਨੀ ਨਾਟ-ਸ਼ੈਲੀ ਦਾ ਮੁੱਖ ਸਰੂਪ ਕਲਾਸਕੀ ਅਤੇ ਲੋਕਧਾਰਾਈ ਤੱਤਾਂ ਵਾਲਾ ਹੈ।' ਇਸ ਕਥਨ ਦੀ ਪੁਸ਼ਟੀ ਕਰੋ।

ਜਾਂ

ਐਪਿਕ ਨਾਟ-ਸ਼ੈਲੀ ਰਵਾਇਤੀ ਨਾਟਕ ਦੇ ਉਲਟ ਦਰਸ਼ਕਾਂ ਦੀਆਂ ਭਾਵਨਾਵਾਂ ਦੀ ਥਾਂ ਬੁੱਧੀ ਨੂੰ ਟੁੰਬਦੀ ਹੈ। ਚਰਚਾ ਕਰੋ।

2. ਇਤਿਹਾਸਕ ਨਾਟਕ ਕੀ ਹੁੰਦਾ ਹੈ? 'ਰਜ਼ੀਆ ਸੁਲਤਾਨ' ਨੂੰ ਇਕ ਇਤਿਹਾਸਕ ਨਾਟਕ ਦੇ ਤੌਰ 'ਤੇ ਪਰਖੋ।

ਜਾਂ

ਬਲਵੰਤ ਗਾਰਗੀ ਦੁਆਰਾ ਰਚਿਤ ਨਾਟਕ 'ਰਜ਼ੀਆ ਸੁਲਤਾਨ' ਦਾ ਥੀਮਕ ਅਧਿਐਨ ਪੇਸ਼ ਕਰੋ।

3. ਸਵਰਾਜਬੀਰ ਦੇ ਨਾਟਕ 'ਹੱਕ' ਦਾ ਚਿਹਨ ਵਿਗਿਆਨਕ ਅਧਿਐਨ ਕਰੋ।

ਜਾਂ

ਸਵਰਾਜਬੀਰ ਦੇ ਨਾਟਕ 'ਹੱਕ' ਦੇ ਮੂਲ ਸਰੋਕਾਰਾਂ ਦੀ ਨਿਸ਼ਾਨਦੇਹੀ ਕਰੋ।

4. ਗੁੱਜਰ ਸਮਾਜ ਵਿਚ ਨਿਕਾਹ ਦੇ ਸਮਾਜਕ ਸੰਕਟ ਨੂੰ ਉਭਾਰਦੇ ਹੋਏ ਨਾਟਕ 'ਸਾਵੀ' ਦਾ ਅਧਿਐਨ ਕਰੋ।

ਜਾਂ

ਨਾਟਕ 'ਸਾਵੀ' ਦਾ ਆਲੋਚਨਾਤਮਕ ਅਧਿਐਨ ਕਰੋ।

5. 'ਹੱਕ' ਨਾਟਕ ਵਿਚ ਪੇਸ਼ ਨਾਰੀ ਤ੍ਰਾਸਦੀ ਬਾਰੇ ਇਕ ਸਮੀਖਿਆਤਮਕ ਨੋਟ ਲਿਖੋ।

ਜਾਂ

ਐਬਸਰਡਵਾਦੀ ਨਾਟ-ਸ਼ੈਲੀ ਬਾਰੇ ਇਕ ਵਿਸਤ੍ਰਿਤ ਨੋਟ ਲਿਖੋ।

Scanned with CamScanner

M.Phil. III (iii)

Roll No..............

# Department of Punjabi
## University of Delhi, Delhi-07

Exam : M.Phil, Punjabi
Subject : Punjabi
Paper : Modern Punjabi Prose
Option : III (iv)

(April- 2018)

Time Allowed: 3 hours Maximum Marks:100

ਨੋਟ: ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

1. ਪੰਜਾਬੀ ਵਾਰਤਕ ਦੇ ਉਦਭਵ ਤੇ ਵਿਕਾਸ ਬਾਰੇ ਵਿਸਤਾਰਪੂਰਵਕ ਨੋਟ ਲਿਖੋ।

ਜਾਂ 20

ਕਵਿਤਾ ਅਤੇ ਵਾਰਤਕ ਵਿਚਲਾ ਨਿਖੇੜਾ ਕਰੋ।

2. ਹੇਠ ਲਿਖੇ ਵਾਰਤਕ ਰੂਪਾਂ ਵਿਚੋਂ ਕਿਸੇ ਇਕ ਦੇ ਸਿਧਾਂਤ ਨਾਲ ਜਾਣ-ਪਛਾਣ ਕਰਾਓ।

   1. ਲਲਿਤ ਨਿਬੰਧ
   2. ਸਫ਼ਰਨਾਮਾ
   3. ਸੰਸਮਰਣ

ਜਾਂ 20

ਮੱਧਕਾਲੀਨ ਅਤੇ ਨਵੀਨ ਪੰਜਾਬੀ ਵਾਰਤਕ ਵਿਚਲਾ ਅੰਤਰ ਸਪਸ਼ਟ ਕਰੋ।

3. ਜਸਵੰਤ ਜ਼ਫਰ ਆਪਣੀ ਪੁਸਤਕ 'ਸਿਖੁ ਸੋ ਖੋਜਿ ਲਹੈ' ਵਿਚ ਸਿੱਖੀ ਦਾ ਉਦਾਰਵਾਦੀ ਬਿੰਬ ਕਿਵੇਂ ਉਸਾਰਦਾ ਹੈ? ਚਰਚਾ ਕਰੋ।

ਜਾਂ 20

ਪੁਸਤਕ 'ਸਿਖੁ ਸੋ ਖੋਜਿ ਲਹੈ' ਦਾ ਸ਼ੈਲੀ ਵਿਗਿਆਨਕ ਅਧਿਐਨ ਕਰੋ।

4. ਪਰਮਿੰਦਰ ਸੋਢੀ ਦੀ ਪੁਸਤਕ 'ਤਾਓਵਾਦ' ਦੇ ਬੁਨਿਆਦੀ ਸਿਧਾਂਤਾਂ ਨਾਲ ਜਾਣ-ਪਛਾਣ ਕਰਾਓ।

20

ਜਾਂ

ਪੁਸਤਕ 'ਤਾਓਵਾਦ' ਦੇ ਅਧਾਰ ਉਤੇ ਪਰਮਿੰਦਰ ਸੋਢੀ ਦੀ ਵਾਰਤਕ ਸ਼ੈਲੀ ਦੀਆਂ ਵਿਸ਼ੇਸ਼ਤਾਈਆਂ ਬਿਆਨ ਕਰੋ।

5. ਹਰਿਭਜਨ ਸਿੰਘ ਆਪਣੀ ਪੁਸਤਕ 'ਇਕ ਖਤ ਤੇਰੇ ਨਾਂ'ਵਿਚ ਵੱਖ-ਵੱਖ ਲੇਖਕਾਂ ਦਾ ਬਿੰਬ ਉਸਾਰਨ ਲਈ ਕਿਸ ਪ੍ਰਕਾਰ ਦੀਆਂ ਜੁਗਤਾਂ ਦੀ ਵਰਤੋਂ ਕਰਦਾ ਹੈ? ਚਰਚਾ ਕਰੋ।

20

ਜਾਂ

ਹਰਿਭਜਨ ਸਿੰਘ ਦੀ ਪੁਸਤਕ 'ਇਕ ਖਤ ਤੇਰੇ ਨਾਂ' ਦਾ ਮੈਟਾ ਆਲੋਚਨਾ ਦੀ ਦ੍ਰਿਸ਼ਟੀ ਤੋਂ ਅਧਿਐਨ ਕਰੋ।

Scanned with CamScanner